# ਰੇਡੀਓ ਲੜੀਵਾਰ- ਟਿਕਾਊ ਵਿਕਾਸ

## ਕੜੀ-1, ਟਿਕਾਊ ਵਿਕਾਸ-ਸਾਡੀ ਹੋਂਦ **( Sustainable Development –Our Existance)**

**ਪੰਜਾਬੀ ਰੁਪਾਂਤਰ ਤੇ ਲੇਖਣ: ਭਾਰਤ ਗਿਆਨ ਵਿਗਿਆਨ ਸੰਮਤੀ ਪੰਜਾਬ ਤੇ ਚੰਡੀਗੜ੍ਹ**

([In this episode, the first dramatized one of the series on sustainable development, we are giving some introductory information on the ongoing development model, the dangers posed by it , the concept of emergence of concept of protection and conservation of natural resources, the development in unison with nature and ultimately the emergence of the concept of the Sustainable Development in the present era with cooperation at international level. Through all these, the listeners get to the essence of sustainability.)

**ਪਾਤਰ**

ਇਸਤਰੀ ਸੂਤਰਧਾਰ

ਪੁਰਸ਼ ਸੂਤਰਧਾਰ

ਵੱਖ ਵੱਖ ਵਿਸ਼ਾ ਮਾਹਰ/ਵਿਗਿਆਨੀ ਡਾ ਸੁਖਜਿੰਦਰ ਸਿੰਘ, ਡਾ. ਸੁਰਜੀਤ ਸਿੰਘ

ਹਰਮਿੰਦਰ : ਇੱਕ ਸਮਾਜ ਸੇਵੀ

**<u>ਸ਼ੁਰੂਆਤੀ ਐਲਾਨ</u>**

(ਸਿਰਲੇਖ ਗੀਤ ਦਾ ਸੰਗੀਤ-ਟ੍ਰੈਕ ਸੁਣਾਇਆ ਜਾਵੇਗਾ)

**ਆਧੁਨਿਕ ਵਿਕਾਸ -ਵਿਨਾਸ ਹਰਿਤ ਜੀਵਣ ਸ਼ੈਲੀ ਦੀਆਂ ਗੂੰਜਾਂ**

(ਸੰਗੀਤ...)

**ਐਲਾਨ**: ਇਹ ਹੈ ਆਲ ਇੰਡੀਆ ਰੇਡਿਓ ।"ਆਫਤਾਂ - ਸਮਝਣਾ ਤੇ ਪ੍ਰਬੰਧ ਕਰਨਾ" ਲੜੀਵਾਰ ਤੋਂ ਬਾਅਦ,ਅਸੀਂ ਹੁਣ ਤੁਹਾਡੇ ਲਈ ਲੈ ਕੇ ਆਏ ਹਾਂ: ਵਿਗਿਆਨ ਦਾ ਇੱਕ ਨਵੇਂ ਲੜੀਵਾਰ ! ਹਾਂ ਜੀ ਨਵਾਂ ਲੜੀਵਾਰ !

**ਸੰਗੀਤ**

**ਐਲਾਨ**: ਆਲ ਇੰਡੀਆ ਰੇਡਿਓ ਵੱਲੋਂ ਵਿਗਿਆਨ-ਪ੍ਰਸਾਰ ਦੇ ਸਹਿਯੋਗ ਨਾਲ ਪੇਸ਼ ਹੈ, ਸਾਡਾ ਨਵਾਂ ਲੜੀਵਾਰ "**ਟਿਕਾਊ ਵਿਕਾਸ**" ।

**(ਸਿਰਲੇਖ ਗੀਤ ਦਾ ਸੰਗੀਤ ਟ੍ਰੈਕ ਮੁੜ ਸੁਣਾਇਆ ਜਾਵੇਗਾ)**

**ਔਰਤ ਸੂਤਰਧਾਰ**: ਹਾਂ ਜੀ। ਪਿਆਰੇ ਸ੍ਰੋਤਿਓ ......ਤੁਹਾਡਾ ਸਭ ਦਾ ਅੱਜ ਦੇ ਇਸ ਨਵੇਂ ਲੜੀਵਾਰ '**ਟਿਕਾਊ ਵਿਕਾਸ**' ਦੀ ਪਲੇਠੀ ਕੜੀ ਵਿੱਚ ਨਿਘਾ ਸੁਆਗਤ ਹੈ ।ਜੀ ਆਇਆਂ ਨੂੰ !

**ਮਰਦ ਸੂਤਰਧਾਰ**: ਹਾਂ ਪਿਛਲੇ ਲੜੀਵਾਰ "**ਕਿਤੇ ਦੇਰ ਨਾ ਹੋ ਜਾਏ**" ਵਿੱਚ ਸੁਣੀ ਸੀ ਕਹਾਣੀ ਅਸੀਂ ਆਫਤਾਂ ਕਾਰਨ ਹੋਣ ਵਾਲੀ ਤਬਾਹੀ ਦੀ !

**ਔਰਤ ਸੂਤਰਧਾਰ**: ਹਾਂ ! ਤਬਾਹੀ ਜੋ ਵਾਪਰਦੀ ਹੈ ਭਿਆਨਕ ਹੜ੍ਹਾਂ, ਭੁਚਾਲਾਂ, ਤੁਫਾਨਾਂ, ਸਮੁੰਦਰੀ ਵਰੋਲਿਆਂ, ਸੁਨਾਮੀਆਂ, ਭਿਆਨਕ ਬਰਫਬਾਰੀ, ਜੰਗਲਾਂ ਦੀਆਂ ਅੱਗਾਂ, ਮਹਾਂ-ਮਾਰੀਆਂ ਪ੍ਰਮਾਣੂ ਤੇ ਰਸਾਇਣਿਕ ਦੁਰਘਟਨਾਵਾਂ ਦੇ ਕਾਰਨ!

**ਮਰਦ ਸੂਤਰਧਾਰ:** ਅਸੀਂ ਸੁਣਿਆ ਸੀ ਕਿ ਕਿਵੇਂ ਆਧੁਨਿਕ ਵਿਕਾਸ ਨੇ, ਮਨੁੱਖ ਦੇ ਵਪਾਰਕ ਲਾਲਚ ਨੇ, ਤੇ ਅਣਗਹਿਲੀਆਂ ਨੇ ਤੇਜੀ ਲਿਆ ਦਿੱਤੀ ਹੈ ਸਾਡੇ ਵਿਨਾਸ ਦੀ ਕਹਾਣੀ ਦੀ ਰਫਤਾਰ ਵਿੱਚ !

**ਔਰਤ ਸੂਤਰਧਾਰ:** ਸੁਣਾਈ ਸੀ ਕਹਾਣੀ ! ਕਾਲਾ ਪੱਥਰ, ਭੁਪਾਲ ਗੈਸ ਕਾਂਡ, ਫੁਕੂਸ਼ੀਮਾ ਪ੍ਰਮਾਣੂ ਦੁਰਘਟਣਾ, ਬੱਦਲ ਫਟਣ ਤੇ ਸੁਨਾਮੀਆਂ ਦੀ ! ਦਰਸਾ ਦਿੱਤਾ ਸੀ ਜਿਨ੍ਹਾਂ ਨੇ ਕਰੂਪ ਚਿਹਰਾ ਆਧੁਨਿਕ ਵਿਕਾਸ ਦਾ!

**ਮਰਦ ਸੂਤਰਧਾਰ:** ਸਮਝ ਗਏ ਸੀ ਅਸੀਂ ਕਿ ਕੁਦਰਤ ਨਾਲ ਛੇੜ ਛਾੜ ਕਾਰਨ, ਜੰਗਲਾਂ ਦੀ ਅੰਧਾ ਧੂੰਦ ਕਟਾਈ ਕਾਰਨ ਮੌਸਮ ਗਏ ਬਦਲ ! ਪੈਣ ਲੱਗ ਗਿਆ ਸੋਕਾ ਤੇ ਆਉਣ ਲੱਗ ਗਏ ਹੜ੍ਹ ਵੀ !

**ਔਰਤ ਸੂਤਰਧਾਰ:** ਵੇਖੋ ਜੀ ! ਇਸ ਵਾਰ ਤਾਂ ਆਫਤਾਂ ਦੇ ਅਜਿਹੇ ਵਰਤਾਰੇ ਨੇ ਪਹਾੜਾਂ ਵਿੱਚ ਤਾਂ ਕਰ ਦਿੱਤਾ ਹੈ ਜਨ ਜੀਵਣ ਨੂੰ ਵੀ ਠੱਪ ! ਠੱਪ ਕੀਤਾ ਹੈ ਜੀਵਣ ਭਿਆਨਕ ਬਰਫਬਾਰੀ ਨੇ !

**ਮਰਦ ਸੂਤਰਧਾਰ:** ਆਹੋ ਜੀ ! ਇਸ ਵਾਰ ਤਾਂ ਮੌਸਮ ਦੇ ਇਸ ਬਦਲਾਅ ਕਾਰਨ ਹੋਈ ਬਰਫਬਾਰੀ ਨੇ ਤਾਂ ਲੈ ਲਈਆਂ 20 ਫੌਜੀਆਂ ਦੀਆਂ ਕੀਮਤੀ ਜਾਨਾਂ ਵੀ ! ਦਬ ਗਏ ਬਰਫ ਵਿੱਚ ਹੀ !

**ਔਰਤ ਸੂਤਰਧਾਰ:** ਪਰ ਸਾਨੂੰ ਇਹ ਵੀ ਤਾਂ ਜਾਣਨ ਦੀ ਲੋੜ ਹੈ ਕਿ ਇਹ ਐਨੇ ਤੇਜ ਬਦਲਾਅ ਹੋ ਕਿਉਂ ਰਹੇ ਨੇ ? ਕੌਣ ਹੈ ਇਨ੍ਹਾਂ ਦਾ ਜਿੰਮੇਵਾਰ ? ਕੀ ਹੈ ਉਪਾਅ ਇਨ੍ਹਾਂ ਤੋਂ ਖਹਿੜਾ ਛਡਾਉਣ ਦਾ ?

**ਮਰਦ ਸੂਤਰਧਾਰ:** ਵੇਖੋ ਜੀ ਪਹਿਲ ਪ੍ਰਿਥਮੇ ਤਾਂ ਇਹੀ ਸਮਝਣ ਦੀ ਲੋੜ ਐ ਕਿ ਬਹੁਤ ਸਾਰੀਆਂ ਆਫਤਾਂ ਤਾਂ ਉਹ ਵੀ ਨੇ ਜਿਹੜੀਆਂ ਕੁਦਰਤੀ ਨਾ ਹੋ ਕੇ ਨਤੀਜਾ ਨੇ ਮਨੁੱਖੀ ਗਤੀਵਿਧੀਆਂ ਦਾ ।

**ਔਰਤ ਸੂਤਰਧਾਰ:** ਵਰਤਮਾਨ ਵਿੱਚ ਤਾਂ ਮਨੁਖੀ ਆਫਤਾਂ ਬਹੁਤ ਹੀ ਵੱਧ ਗਈਆਂ! ਹਾਲ ਹੀ ਦੇ ਪਿਛਲੇ ਸਮਿਆਂ ਵਿੱਚ ਤਾਂ ਇਨ੍ਹਾਂ ਦੀ ਗਿਣਤੀ ਵੀ ਬਹੁਤ ਹੀ ਜਿਆਦਾ ਰਹੀ ਹੈ !

**ਮਰਦ ਸੂਤਰਧਾਰ:** ਪਰ ਅੱਜ ਕੱਲ ਤਾਂ ਕੁਦਰਤੀ ਆਫਤਾਂ ਦਾ ਕਾਰਨ ਵੀ ਬਣਦੀਆਂ ਜਾਂਦੀਆਂ ਨੇ ਮਨੁੱਖੀ ਗਤੀਵਿਧੀਆਂ ਹੀ !

**ਔਰਤ ਸੂਤਰਧਾਰ:** ਆਹੋ ! ਵਾਪਰਦੀਆਂ ਨੇ ਇਹ ਵੀ ਤਾਂ ਮਨੁੱਖੀ ਅਣਗਹਿਲੀ ਕਰਕੇ ਹੀ !

**ਮਰਦ ਸੂਤਰਧਾਰ:** ਨਹੀਂ ਭਾਗਮਾਨੇ ਨਹੀਂ ! ਇਹ ਵਰਤਾਰਾ ਕੇਵਲ ਮਨੁੱਖੀ ਅਣਗਹਿਲੀ ਦਾ ਨਤੀਜਾ ਨਹੀਂ !

**ਔਰਤ ਸੂਤਰਧਾਰ:** ਜੇ ਇਹ ਨਹੀਂ ਮਨੁੱਖੀ ਅਣਗਹਿਲੀ ! ਤਾਂ ਚਲੋ ਫਿਰ ਤੁਸੀਂ ਹੀ ਦੱਸੋ ਪ੍ਰਭਾ ! ਕਿਉਂ ਆਉਂਦੀਆਂ ਨੇ ਇਹ ਐਨੀਆਂ ਵੱਡੀਆਂ ਮੁਸੀਬਤਾਂ ?

**ਮਰਦ ਸੂਤਰਧਾਰ:** ਇਹ ਵਿਅਕਤੀਗਤ ਅਣਗਹਿਲੀ ਦਾ ਨਤੀਜਾ ਨਹੀਂ ! ਸਗੋਂ ਇਹ ਤਾਂ ਨਤੀਜਾ ਨੇ ਸਾਡੇ ਆਧੁਨਿਕ ਵਿਕਾਸ ਦਾ ! ਅਸੀਂ ਤਾਂ ਚੁਕਾ ਰਹੇ ਹਾਂ ਕੀਮਤ ਸਾਡੇ ਵਿਕਾਸ ਦੇ ਇਸ ਮਾਡਲ ਦੀ !

**ਔਰਤ ਸੂਤਰਧਾਰ:** ਕਿਉਂ ਪੈਦਾ ਕਰ ਰਿਹਾ ਹੈ ਐਨੀਆਂ ਮੁਸੀਬਤਾਂ ਸਾਡਾ ਵਿਕਾਸ ਦਾ ਇਹ ਮਾਡਲ ?

**ਮਰਦ ਸੂਤਰਧਾਰ:** ਮੁਸੀਬਤਾਂ ! ਮੁਸੀਬਤਾਂ ਦੀ ਤਾਂ ਗੱਲ ਹੀ ਛੱਡੋ ! ਹੁਣ ਤਾਂ ਇਸ ਧਰਤੀ ਦੀ ਹੋਂਦ ਨੂੰ ਵੀ ਪੈਦਾ ਹੋ ਰਿਹਾ ਹੈ ਖਤਰਾ ! ਵਿਕਾਸ ਦੇ ਇਸ ਮਾਡਲ ਤੋਂ !

**ਔਰਤ ਸੂਤਰਧਾਰ:** ਧਰਤੀ ਦੀ ਹੋਂਦ ਨੂੰ ਖਤਰਾ ! ਪਹਿਲਾਂ ਪਾਣੀ ਨੂੰ ਖਤਰਾ ਤਾਂ ਸੁਣਿਆ ਸੀ, ਕਹਿੰਦੇ ਸਨ ਕਿ ਪੰਜਾਬ ਦੇ 80% ਰਕਬੇ ਦਾ ਪਾਣੀ ਤਾਂ ਚਲਿਆ ਗਿਆ ਐਨਾ ਡੂੰਘਾ ਕਿ ਕੰਮ ਕਰਨੋ ਹਟ ਗਈਆਂ ਮੱਛੀ ਮੋਟਰਾਂ ਵੀ!

**ਮਰਦ ਸੂਤਰਧਾਰ:** ਆਹੋ ਭਾਗਮਾਨੇ ! ਪਤਾ ਐ ਤੈਨੂੰ ? ਨਾਸਾ ਨੇ ਤਾਂ ਕਹਿ ਦਿੱਤਾ ਕਿ ਪੰਜਾਬ ਦੀ ਖੇਤੀ ਦਾ ਝਾੜ ਵੀ ਘਟ ਰਿਹਾ ਹੈ ਬੜੀ ਤੇਜੀ ਨਾਲ !

**ਔਰਤ ਸੂਤਰਧਾਰ:** ਹਾਂ ਪ੍ਰਭਾ ! ਇਹ ਤਾਂ ਮੈਂ ਵੀ ਸੁਣਿਆ ਐ ਕਿ ਪੀਣ ਦੇ ਪਾਣੀ ਦਾ ਵੀ ਸੰਕਟ ਆਉਣ ਵਾਲਾ ਐ ਇਸ ਹਰੇ ਇਨਕਲਾਬ ਵਾਲੀ ਖੇਤੀ ਦੇ ਨਾਲ ਤਾਂ !

**ਮਰਦ ਸੂਤਰਧਾਰ:** ਆਉਣ ਵਾਲਾ ? ਕੀ ਕਰਦੀਏਂ ਗੱਲ ਭੱਲੀਏ ਲੋਕੇ ? ਆ ਗਿਆ ਇਹ ਖਤਰਾ ਤਾਂ ! ਮੁਕਤਸਰ ਦੇ ਪਿੰਡਾਂ ਵਿੱਚ ਆਰ ਓ ਪਲਾਂਟ ਦਾ ਪਾਣੀ ਵਿਕਦਾ ਐ 100 ਰੁਪਏ ਕਿਲੋ ਲੀਟਰ !

**ਔਰਤ ਸੂਤਰਧਾਰ:** ਹੈਂ ! ਸੌ ਰੁਪਏ ? ਲੋਹੜਾ ਸਾਂਈ ਦਾ ! ਸਾਡੇ ਆਹ ਜਲੰਧਰ ਵਿੱਚ ਤਾਂ ਛੀ ਰੁਪਏ ਕਿਲੋ ਲੀਟਰ ਐ ! ਨਾਲੇ ਲੋਕ ਕਾਰਾਂ ਈ ਧੋਈ ਜਾਂਦੇ ਨੇ ! ਡੋਲ੍ਹੀ ਜਾਂਦੇ ਨੇ ਟੂਟੀਆਂ ਦਾ ਪਾਣੀ ਤੱੜਕੇ - ਤੜਕੇ !

**ਮਰਦ ਸੂਤਰਧਾਰ:** ਬਈ ਲੋਕ ਤਾਂ ਉਹੀ ਕਰਦੇ ਨੇ ਜੋ ਸਰਕਾਰਾਂ ਕਰਦੀਆਂ ਨੇ ! ਜਿਹਾ ਰਾਜਾ ਤੇਹੀ ਪ੍ਰਜਾ ! ਆਹ ਵੇਖੋ ਪੰਜਾਬ ਵਿੱਚ ਪਹਿਲਾਂ ਹੀ 14 ਲੱਖ ਨੇ ਟਿਊਬ ਵੈੱਲ, ਪਰ ਐਲਾਨ ਕਰ ਦਿੱਤਾ ਸਿਆਸੀ ਪਾਰਟੀਆਂ ਨੇ ਕਿ ਕਨੈਕਸ਼ਨ ਦੇ ਦੇਣਾ ਐ ਟਿਊਬਵੈੱਲ ਦਾ ਹਰੇਕ ਕਿਸਾਨ ਨੂੰ !

**ਔਰਤ ਸੂਤਰਧਾਰ:** ਬੱਸ ਇਹੀ ਤਾਂ ਐ ਕਾਰਨ ਪਾਣੀ ਦੇ ਇਸ ਗਹਿਰੇ ਸੰਕਟ ਦਾ, 1973 ਦੇ ਦੋ ਲੱਖ ਟਿਊਬਵੈੱਲ ਵੱਧ ਕੇ ਹੋ ਗਏ ਨੇ 7 ਗੁਣਾ ! ਯਾਣੀ 14 ਲੱਖ ਤੋਂ ਵੀ ਵੱਧ ! ( 14.06 ਲੱਖ )

**ਮਰਦ ਸੂਤਰਧਾਰ:** ਆਹੋ ਤਾਹੀਂ ਤਾਂ 1973 ਵਿੱਚ ਧਰਤੀ ਹੇਠਲਾ ਪਾਣੀ ਸੀ 10 ਮੀਟਰ ਤੱਕ ਡੂੰਘਾ ਪੰਜਾਬ ਦੇ 97% ਇਲਾਕੇ ਦੇ ਵਿੱਚ ! ਤੇ ਅੱਜ ਤਾਂ ਸਾਰੇ ਦੇ ਸਾਰੇ ਪੰਜਾਬ ਦਾ ਪਾਣੀ ਹੀ ਚਲਾ ਗਿਆ 10 ਮੀਟਰ ਤੋਂ ਵੀ ਬਹੁਤ ਹੀ ਜਿਆਦਾ ਹੇਠਾਂ !

**ਔਰਤ ਸੂਤਰਧਾਰ:** ਦਸ ਮੀਟਰ ਕੀ ਜੀ ! ਹੁਣ ਤਾਂ ਅੱਧੇ ਇਲਾਕੇ ਦਾ ਪਾਣੀ ਤਾਂ 20 ਮੀਟਰ ਤੋਂ ਵੀ ਵੱਧ ਡੂੰਘਾ ਚਲਾ ਗਿਆ ਐ !

**ਹਰਮਿੰਦਰ ( ਇੱਕ ਸਮਾਜ ਸੇਵੀ ):** ਹੁਣ ਤਾਂ ਪੀਣ ਦਾ ਪਾਣੀ ਲੈਣ ਲਈ ਵੀ ਜਾਂਦੀਆਂ ਨੇ ਔਰਤਾਂ ਤਿੰਨ ਤਿੰਨ ਕਿਲੋ ਮੀਟਰ ! ਮਾਲਵੇ ਵਿੱਚ ਤਾਂ 2006 ਵਿੱਚ ਪਾਣੀ ਕਾਰਨ ਧਰਨੇ ਮੁਜਾਹਰੇ ਵੀ ਹੋਏ ਸਨ ! ਮਲੋਟ ਨੇੜੇ ਇੰਜੀਨੀਅਰ ਕਾਲਜ ਵਿੱਚ ਪੀਣ ਦੇ ਪਾਣੀ ਦੀ ਕਿੱਲਤ ਕਰਕੇ ਕਰਨੀਆਂ ਪਈਆਂ ਸਨ ਛੁਟੀਆਂ ! ਆਈ ਟੀ ਆਈ ਮੋਗਾ ਦੇ ਵਿਦਿਆਰਥੀਆਂ ਨੂੰ ਪਾਣੀ ਦੀ ਘਾਟ ਦੀ ਪੂਰਤੀ ਕਰਵਾਉਣ ਵਾਸਤੇ ਕਰਨੀ ਪਈ ਸੀ ਹੜਤਾਲ ।ਲੋਕ ਗੰਦਾ ਪਾਣੀ ਪੀਣ ਲਈ ਮਜਬੂਰ ਨੇ ! ਕਪੂਰਥਲੇ ਵਿੱਚ ਹਮੀਰੇ ਦੇ ਇਲਾਕੇ ਵਿੱਚ ਤਾਂ ਨਲਕਿਆਂ ਦਾ ਪਾਣੀ ਵੀ ਹੈ ਗਾਰ ਦੀ ਤਰ੍ਹਾਂ ਪੀਲਾ ! ਬਿਆਸ , ਸਤਲੁਜ ਤੇ ਘੱਘਰ ਦਾ ਪਾਣੀ ਹੋ ਗਿਆ ਹੈ ਮਲੀਨ! ਘੱਗਰ ਦਾ ਪਾਣੀ ਤਾਂ ਧੁਰ ਤੱਕ ਹੀ ਹੋ ਗਿਆ ਹੈ **'ਡੀ'** ਕਲਾਸ ਦਾ! ਪੰਜਾਬ ਦੇ ਸਾਰੇ ਦੇ ਸਾਰੇ 12423 ਪਿੰਡ ਜਾ ਚੁੱਕੇ ਨੇ ਸਰਕਾਰੀ ਤੌਰ ਤੇ ਐਲਾਨੇ ਜਿਥੇ ਦਾ ਪਾਣੀ ਨਹੀਂ ਪੀਣ ਯੋਗ । ਪੀਣ ਦੇ ਪਾਣੀ ਦੀ ਹੈ ਘਾਟ ਚਾਰੇ ਹੀ ਪਾਸੇ ! ਇਸ ਪੰਜ-ਆਬ ਵਾਲੇ ਪੰਜਾਬ ਵਿੱਚ !

**ਮਰਦ ਸੂਤਰਧਾਰ:** ਇਹ ਹੈ ਨਤੀਜਾ ਸਾਡੀ ਹਰੀ ਕਰਾਂਤੀ ਦਾ , ਭੁਗਤ ਰਿਹਾ ਹੈ ਪੰਜਾਬ ਅੱਜ !

**ਔਰਤ ਸੂਤਰਧਾਰ:** ਠੀਕ ਐ ਪ੍ਰਭਾ ! ਹੁਣ ਸਮਝ ਆਉਣ ਲੱਗਿਆ ਹੈ ਸਬੰਧ ਇਨ੍ਹਾਂ ਆਫਤਾਂ ਦਾ ਸਾਡੇ ਵਿਕਾਸ ਦੇ ਮਾਡਲ ਦੀ ਕਹਾਣੀ ਦੇ ਨਾਲ !

**ਮਰਦ ਸੂਤਰਧਾਰ:** ਬੱਸ, ਇਹੀ ਹੈ ਉਦੇਸ ਪ੍ਰਭਾਣੀ ! ਸਾਡਾ ਅੱਜ ਦੀ ਇਸ ਕੜੀ ਨੂੰ ਸੁਣਾਉਣ ਦਾ! **ਟਿਕਾਊ ਵਿਕਾਸ ਦੀ ਲੋੜ** 'ਤੇ ਚਾਨਣਾ ਪਾਉਣ ਦਾ! ਸਾਡੇ ਸ੍ਰੋਤਿਆਂ ਨੂੰ ਕੁਦਰਤ ਨਾਲ ਇਕਸੁਰਤਾ ਵਿੱਚ ਲਿਆਉਣ ਦਾ !!!

**ਔਰਤ ਸੂਤਰਧਾਰ:** ਆਹੋ ! ਖਰਚ ਹੋ ਰਿਹਾ ਹੈ ਬੇ-ਹਿਸਾਬ , ਧਰਤੀ ਦੇ ਇਸ ਪਾਣੀ ਦੇ ਥੱਲੇ ਚਲੇ ਜਾਣ ਨਾਲ !

**ਮਰਦ ਸੂਤਰਧਾਰ:** ਆਹ ਅਕਤੂਬਰ 2013 ਤੋਂ ਅਕਤੂਬਰ 2014 ਦੇ ਵਿਚਕਾਰ ਹੀ 2.15 ਮੀਟਰ ਡੂੰਘਾ ਚਲਾ ਗਿਆ ਪਾਣੀ ਸੰਗਰੂਰ ਜਿਲ੍ਹੇ ਵਿੱਚ !

**ਔਰਤ ਸੂਤਰਧਾਰ:** ਸਰਦੂਲ ਗੜ੍ਹ ਤੇ ਹੁਸ਼ਿਆਰ ਪੁਰ ਵਿਚ ਤਾਂ ਪਿਛਲੇ ਕਈ ਸਾਲਾਂ ਵਿੱਚ ਪਾਣੀ ਪਤਾਲ ਨੂੰ ਹੀ ਚਲਿਆ ਗਿਆ !

**ਮਰਦ ਸੂਤਰਧਾਰ:** ਹਾਂ ਭਾਗਮਾਨੇ ! ਗੱਲ ਤਾ ਤੇਰੀ ਠੀਕ ਈ ਐ ! ਜਦ ਪਾਣੀ ਡੂੰਘਾ ਚਲਾ ਗਿਆ 58 ਮੀਟਰ ਤੱਕ ਤਾਂ ਆਪੇ ਈ ਪਤਾਲ ਵਾਲੀ ਗੱਲ ਐ !

**ਔਰਤ ਸੂਤਰਧਾਰ:** ਪਾਣੀ ਐਨਾ ਥੱਲੇ ਚਲਾ ਗਿਆ ਕਿ ਸੁੱਕ ਗਏ ਨੇ ਬੋਰ ਵੀ ! ਮੰਗਦੇ ਨੇ ਲੱਖ-ਲੱਖ ਰੁਪਿਆ ਮੁੜ ਬੋਰ ਕਰਨ ਦੇ ਵਾਸਤੇ ! ਦਬ ਰਿਹਾ ਹੈ ਕਿਸਾਨ, ਕਰਜੇ ਦੇ ਬੋਝ ਹੇਠ ! ਪੈ ਰਿਹਾ ਹੈ ਰਾਹ ਖੁਦਕਸ਼ੀਆਂ ਦੇ !

**ਮਰਦ ਸੂਤਰਧਾਰ:** ਹਾਂ ! ਕਈ ਤਾਂ ਘਰਾਂ ਦੇ ਘਰ ਮੁੱਕ ਗਏ ਨੇ ! ਕਈ ਪਿੰਡਾਂ ਨੇ ਆਪਣੇ ਆਪ ਨੂੰ ਵੇਚਣ ਦੇ ਲਗਾ ਦਿੱਤੇ ਨੇ ਬੋਰਡ !

**ਡਾ.ਸੁਖਜਿੰਦਰ ਸਿੰਘ:** (ਖੇਤੀ ਵਿਗਿਆਨੀ) ਗੱਲਾਂ ਕੀ ਕਰਦੇ ਓ ? ਪੰਜਾਬ ਦਾ ਪਾਣੀ ਤਾਂ ਫਸਲਾਂ ਸਿੰਜਣ ਦੇ ਵੀ ਨਹੀਂ ਰਿਹਾ ਯੋਗ! ਇਸ ਵਿਚ ਲਵਣ ਨੇ ਬਹੁਤ ਹੀ ਜਿਆਦਾ ! ਇਸਦੇ 42.1% ਭਾਗ ਵਿੱਚ ਤਾਂ ਸੋਡੀਅਮ ਬਾਈਕਾਰਬੋਨੇਟ ਦੀ ਮਾਤਰਾ ਹੀ ਬਹੁਤ ਜਿਆਦਾ ਹੈ ! ਬਠਿੰਡਾ ਮਾਨਸਾ , ਮੁਕਤਸਰ, ਮੋਗਾ ਫਰੀਦਕੋਟ ਵਿੱਚ ਪਾਣੀ ਵਰਤੋਂ ਯੋਗ ਨਹੀਂ ਹੈ !

**ਡਾ. ਸੁਰਜੀਤ ਸਿੰਘ** : ਬਈ ਦੋਸਤੋ ! ਲੋਕਾਂ ਦੀ ਵਿਗੜਦੀ ਸਿਹਤ ਵੀ ਤਾਂ ਨਤੀਜਾ ਹੈ, ਇਸ ਗੈਰ ਟਿਕਾਊ ਵਿਕਾਸ ਦਾ ! ਲੋਕ ਸ਼ਿਕਾਰ ਹੋ ਰਹੇ ਨੇ, ਜੰਮਾਦਰੂ ਵਿਕਾਰਾਂ ਦੇ, ਬਾਂਝਪਣ ਦੇ, ਵਾਲ ਸਫੇਦ ਹੋਣਾ, ਜੋੜਾਂ ਦੇ ਦਰਦ, ਫਲੋਰੋਸਿਸ ਬਿਮਾਰੀ , ਹੁਣ ਤਾਂ ਕੈਂਸਰ ਤੇ ਕਾਲਾ ਪੀਲੀਆਂ ਵੀ ਘਰ ਕਰ ਗਿਆ ਹੈ ! ਸੱਭ ਅਲਾਮਤਾਂ ਚੁੱਕ ਰਹੀਆਂ ਨੇ ਸਿਰ ਪਰਿਆਵਰਣ ਦੇ ਵਿਗਾੜ ਕਰਕੇ ਪੈਦਾ ਹੋਏ ਸੰਕਟ ਦੇ ਕਾਰਨ !

**ਔਰਤ ਸੂਤਰਧਾਰ:** ਵੇਖਿਆ ? ਕਿਵੇਂ ਇਸ ਵਿਕਾਸ ਨੇ ਸਾਨੂੰ ਧੱਕ ਦਿੱਤਾ ਖਾਤਮੇ ਦੇ ਕਿਨਾਰੇ !

**ਮਰਦ ਸੂਤਰਧਾਰ:** ਵਿਕਾਸ ਦੇ ਇਸੇ ਮਾਡਲ ਨੇ ਹੀ ਤਾਂ ਕਰ ਦਿੱਤਾ ਹੈ ਖਤਮ , ਕਈ ਕਿਸਮ ਦੇ ਕੀਟ ਪਤੰਗਾਂ ਤੇ ਜਾਨਵਰਾਂ ਨੂੰ ਵੀ ! ਗਿੱਧਾਂ ਨੇ ਖਾਤਮੇ ਦੇ ਕਿਨਾਰੇ, ਜਿਸ ਕਰਕੇ ਰਹਿੰਦ ਖੂੰਹਦ ਨੂੰ ਬਿਲੇ ਲਾਉਣ ਦੇ, ਵਿਸ਼ੇਸ਼ ਕਰਕੇ ਮਰੇ ਪਸ਼ੂਆਂ ਨੂੰ ਬਿਲੇ ਲਾਉਣ ਦੇ ਸਾਡੇ ਕੁਦਰਤੀ ਵਿਘਟਨ ਦੇ ਪ੍ਰਬੰਧ ਰਹੇ ਨੇ ਚਰਮਰਾ !

**ਔਰਤ ਸੂਤਰਧਾਰ:** ਵੇਖੋ ਬਈ ਸਾਨੂੰ ਸਭ ਨੂੰ ਇੱਕ ਗੱਲ ਤਾਂ ਪੱਲੇ ਪੈਣੀ ਹੈ ਬੰਨ੍ਹਣੀ !

**ਮਰਦ ਸੂਤਰਧਾਰ:** ਹਾਂ ਸਮਝਣਾ ਪਵੇਗਾ ਸੱਭ ਨੂੰ ਕਿ ਆਧੁਨਿਕ ਵਿਕਾਸ ਦੇ ਇਨ੍ਹਾਂ ਤੌਰ ਤਰੀਕਿਆਂ ਨੇ ਤਾਂ ਕਰ ਦਿੱਤੀ ਹੈ ਤੇਜ ਪ੍ਰਕਿਰਿਆ ਪ੍ਰਜਾਤੀਆਂ ਦੇ ਅਲੋਪ ਹੋਣ ਦੀ ਵੀ ! ਸਾਡੇ ਇਸ ਸੋਹਣੇ ਧਰਤ ਗ੍ਰਹਿ ਤੋਂ !

**ਔਰਤ ਸੂਤਰਧਾਰ:** ਖਤਮ ਹੋ ਰਹੀ ਹੈ ਜੈਵਿਕ ਵੰਨ-ਸੁਵੰਨਤਾ ਵੀ ਸਾਡੀ ਇਸ ਧਰਤੀ ਤੋਂ !

**ਮਰਦ ਸੂਤਰਧਾਰ:** ਜੈਵਿਕ ਵੰਨ – ਸੁਵੰਨਤਾ ਦੇ ਖਾਤਮੇ ਨਾਲ ਹੋ ਜਾਵੇਗਾ ਮਨੁੱਖਤਾ ਦਾ ਵੀ ਨਾਸ਼ !

**ਔਰਤ ਸੂਤਰਧਾਰ:** ਅਜੋਕੇ ਦੌਰ ਵਿੱਚ ਸਾਡਾ ਜੀਵਣ ਬਣ ਗਿਆ ਵੱਧ ਤੋਂ ਵੱਧ ਊਰਜਾ ਵਰਤਨ ਵਾਲਾ! ਛੱਡ ਦਿੱਤੀ ਅਸੀਂ ਵਰਤਨੀ ਪਸ਼ੂਆਂ ਦੀ ਊਰਜਾ, ਬੰਦ ਹੋ ਗਈ ਵਰਤੋਂ ਮਨੁੱਖੀ ਪੱਠਿਆਂ ਦੀ ਊਰਜਾ ਦੀ ਵੀ !

**ਮਰਦ ਸੂਤਰਧਾਰ:** ਹਰ ਕੰਮ ਹੋਣਾ ਸੁਰੂ ਹੋ ਗਿਆ ਮਸ਼ੀਨਾਂ ਨਾਲ , ਸਬਜੀ ਕੱਟਣ ਦੀ ਮਸ਼ੀਨ, ਦੁੱਧ ਰਿੜਕਣ ਦੀ ਮਸ਼ੀਨ , ਬਰਤਨ ਸਾਫ ਕਰਨ ਦੀ ਵੀ ਮਸ਼ੀਨ , ਭੋਜਨ ਵਸਤਾਂ ਦੀ ਸਾਂਭ ਸੰਭਾਲ ਲਈ ਫਰਿਜ !

**ਔਰਤ ਸੂਤਰਧਾਰ:** ਸਫਾਈਆਂ ਲਈ ਵੀ, ਕਪੜੇ ਧੋਣ ਵਾਸਤੇ ਵੀ ਮਸ਼ੀਨ ! ਮਸ਼ੀਨਾਂ ਮੰਗਦੀਆਂ ਨੇ ਅੰਤਾਂ ਦੀ ਊਰਜਾ !

**ਮਰਦ ਸੂਤਰਧਾਰ:** ਜਾਣ ਆਉਣ ਲਈ ਵੀ ਸਮੂਹਿਕ ਸਵਾਰੀ ਦੀ ਥਾਂ ਅਸੀਂ ਵਰਤ ਰਹੇ ਹਾਂ ਨਿਜੀ , ਵਿਅਕਤੀਗਤ ਸਵਾਰੀ , ਲੋੜ ਹੈ ਜਿਆਦਾ ਧਾਤਾਂ ਦੀ , ਜਿਆਦਾ ਰਬੜ ਦੀ , ਜਿਆਦਾ ਈਂਧਣ ਦੀ ! ਬੱਸ ਨਿਰਭਰ ਹੋ ਗਏ ਅਸੀਂ ਪਥਰਾਹਟੀ ਬਾਲਣਾਂ ‘ਤੇ, ਜਿਆਦਾ ਤੋਂ ਜਿਆਦਾ ਊਰਜਾ ‘ਤੇ !

**ਔਰਤ ਸੂਤਰਧਾਰ:** ਹੁਣ ਤਾਂ ਅਸੀਂ ਘਰ ਤੇ ਦਫਤਰ ਵੀ ਅਜਿਹੇ ਬਣਾ ਲਏ ਜਿਥੇ ਕੁਦਰਤੀ ਚਾਨਣ ਤਾਂ ਦਿਨੇ ਵੀ ਨਹੀਂ ਆਉਂਦਾ, ਧੁੱਪ ਨਹੀਂ ਆਉਂਦੀ, ਗਰਮੀ ਵਿੱਚ ਠੰਢਾ ਕਰਨ ਵਾਸਤੇ, ਸਰਦੀ ਵਿੱਚ ਗਰਮ ਕਰਨ ਵਾਸਤੇ ਤੇ ਚਾਨਣ ਲਈ ਸਾਰਾ ਸਾਲ ਸਾਨੂੰ ਲੋੜ ਰਹਿੰਦੀ ਹੈ ਊਰਜਾ ਦੀ !

**ਮਰਦ ਸੂਤਰਧਾਰ:** ਛੱਡ ਦਿੱਤੇ ਨੇ ਅਸੀਂ ਪੌਦੇ ਲਾਉਣੇ ! ਜਿਹੜੇ ਰੱਖ ਸਕਦੇ ਨੇ ਘਰਾਂ ਨੂੰ ਠੰਢਾ, ਗਰਮੀਆਂ ਦੌਰਾਨ !

**ਔਰਤ ਸੂਤਰਧਾਰ:** ਅਸੀਂ ਤਾਂ ਇਮਾਰਤਾਂ ਵੀ ਬਣਾ ਲਈਆਂ ਬਹੁ-ਮੰਜਲੀਆਂ ! ਕੁਤਬ ਮੀਨਾਰ ਦਾ ਜੋ ਚਿੜਾਉਂਦੀਆਂ ਨੇ ਮੂੰਹ ! ਚਹੀਦੀਆਂ ਨੇ ਲਿਫਟਾਂ ਉਪਰ ਨੀਚੇ ਜਾਣ ਦੇ ਲਈ! ਊਰਜਾ ਹੀ ਊਰਜਾ ! ਬਿਜਲੀ ਬੰਦ ! ਜਨ ਜੀਵਣ ਠੱਪ !

**ਮਰਦ ਸੂਤਰਧਾਰ:** ਹੁਣ ਤਾਂ ਅਸੀਂ ਲਿਆ ਹੈ ਅਪਣਾ “**ਵਰਤੋ ਤੇ ਸੁਟੋ**” ਵਾਲਾ ਸਭਿਆਚਾਰ! ਚਾਹੀਦੇ ਨੇ ਇਸ ਲਈ ਵੱਧ ਤੋਂ ਵੱਧ ਕੁਦਰਤੀ ਸ੍ਰੋਤ !

**ਔਰਤ ਸੂਤਰਧਾਰ:** ਹਾਂ ਜੀ ! ਕਾਪੀ ਵਰਤੋ ਤੇ ਸੁਟੋ ! ਕਿਤਾਬ ਵਰਤੋ ਤੇ ਸੁਟੋ ! ਪੈਂਨ ਵਰਤੋ ਤੇ ਸੁਟੋ !

**ਮਰਦ ਸੂਤਰਧਾਰ:** ਪਲੇਟ ਵਰਤੋ ਤੇ ਸੁੱਟੋ , ਕੱਪ ਵਰਤੋ ਤੇ ਸੁੱਟੋ , ਕਟੋਰੀ ਵਰਤੋ ਤੇ ਸੁੱਟੋ, ਥੈਲਾ ਵਰਤੋ ਤੇ ਸੁੱਟੋ !

**ਔਰਤ ਸੂਤਰਧਾਰ:** ਪਾਣੀ ਦੀਆਂ, ਸ਼ਰਬਤ ਦੀਆਂ, ਪੈਪਸੀ ਕੋਕ ਦੀਆਂ , ਜੂਸ ਦੀਆਂ ਬੋਤਲਾਂ ਵਰਤੋ ਤੇ ਸੁਟੋ ! ਕਿੰਨਾ ਹੁੰਦਾ ਹੈ ਕਬਾੜ ਤੇ ਕਿੰਨਾ ਹੈ ਮੁਸ਼ਕਲ ਇਸ ਨੂੰ ਬਿਲੇ ਲਗਾਉਣਾ ?

**ਮਰਦ ਸੂਤਰਧਾਰ:** ਬਣਾਉਣ ‘ਤੇ ਊਰਜਾ, ਬਿਲੇ ਲਗਾਉਣ ‘ਤੇ ਊਰਜਾ ! ਊਰਜਾ ਹੀ ਊਰਜਾ ! ਬੱਸ ਊਰਜਾ ਹੀ ਊਰਜਾ ! ਚਾਰੇ ਪਾਸੇ , ਹਰ-ਪਲ , ਚੱਤੋ ਪਹਿਰ !

**ਔਰਤ ਸੂਤਰਧਾਰ:** ਇਸ ਊਰਜਾ ਦੀ ਉਤਪਤੀ ਲਈ ਲੋੜ ਹੈ ਕੋਲੇ ਦੀ, ਤੇਲ ਦੀ, ਗੈਸ ਦੀ, ਪ੍ਰਮਾਣੂ ਭੱਠੀਆਂ ਦੀ !

**ਮਰਦ ਸੂਤਰਧਾਰ:** ਕੋਲਾ, ਤੇਲ , ਪੈਟਰੋਲ ਤੇ ਗੈਸ - ਪਥਰਾਟੀ ਬਾਲਣ , ਕਰਦੇ ਨੇ ਅੰਤਾਂ ਦਾ ਪ੍ਰਦੂਸ਼ਣ ਤੇ ਹਨ ਵੀ ਸੀਮਤ ਹੀ!

**ਔਰਤ ਸੂਤਰਧਾਰ:** ਸਾਲ 2100 ਤੱਕ ਸੰਸਾਰ ਦੀ ਆਬਾਦੀ ਹੋ ਜਾਵੇਗੀ 1000 ਕਰੋੜ! ਜੇ ਇਸੇ ਤਰ੍ਹਾਂ ਚਲਦਾ ਰਿਹਾ “ਵਰਤੋ ਤੇ ਸੁੱਟੋ” ਦਾ ਖਪਤ ਸਭਿਆਚਾਰ ਤਾਂ ਤੇ ਲੋੜ ਪਵੇਗੀ ਅਜਿਹੀਆਂ ਕਈ ਧਰਤੀਆਂ ਦੀ, ਜਿੰਦਾ ਰਹਿਣ ਦੇ ਲਈ ਹੀ !

**ਮਰਦ ਸੂਤਰਧਾਰ:** ਇਸ ਵੱਧਦੀ ਆਬਾਦੀ, ਵਿਗਿਆਨ ਤੇ ਤਕਨਾਲੋਜੀ ਦੇ ਵਿਕਾਸ ਤੇ ਖਪਤ ਸਭਿਆਚਾਰ ਨੇ ਵਧਾ ਦਿੱਤਾ ਦਬਾਅ, ਕੁਦਰਤੀ ਸ੍ਰੋਤਾਂ ਤੇ ਬੇਵਹਾ !

**ਔਰਤ ਸੂਤਰਧਾਰ:** ਚਰਮਰਾਉਣ ਲੱਗੀ ਜਦ ਸਾਰੀ ਵਿਵਸਥਾ ਤਾਂ ਯਾਦ ਆਉਣਾ ਸੁਰੂ ਹੋਇਆ **'ਘੱਟ ਵਰਤੋ , ਮੁੜ ਮੁੜ ਵਰਤੋ , ਪੁਨਰ ਚਕਰੀਕਰਨ ਕਰਕੇ ਵਰਤੋ'** ਸਾਡਾ ਸਦੀਆਂ ਤੋਂ ਜਾਣਿਆ-ਪਹਿਚਾਣਿਆ ਤੇ ਪਰਖਿਆ ਮਾਡਲ !

**ਮਰਦ ਸੂਤਰਧਾਰ:** ਪਹਿਲਾਂ ਪਹਿਲ ਤਾਂ ਜਦ ਅਸਾਮ ਵਿੱਚ 1899 ਵਿੱਚ ਪਹਿਲੀ ਵਾਰ ਤੇਲ ਦਾ ਖੂਹ ਪੁੱਟ ਕੇ ਕੱਢਿਆ ਹੋਇਆ ਆਉਣਾ ਸੁਰੂ ਹੋਇਆ ਮਿੱਟੀ ਦਾ ਤੇਲ ! ਸੂਰਜ ਮਾਰਕੇ ਦੇ ਪੀਪਿਆਂ ਵਿੱਚ ! ਤਦ ਤਾਂ ਰਾਤ ਨੂੰ ਚਾਨਣ ਕਰਨ ਦੇ ਮਾਮਲੇ ਵਿੱਚ ਇੱਕ ਕਰਾਂਤੀ ਜਿਹੀ ਆ ਗਈ ਲਗਦੀ ਸੀ !

**ਔਰਤ ਸੂਤਰਧਾਰ:** ਆ ਗਈਆਂ ਸੋਹਣੀਆਂ ਸੋਹਣੀਆਂ ਲਾਲਟੈਨਾਂ, ਲੈਂਪ, ਗੈਸ, ਤੇ ਫਿਰ ਸਟੋਵ ਤੇ ਤੇਲ ਦੀਆਂ ਭੱਠੀਆਂ !

**ਮਰਦ ਸੂਤਰਧਾਰ:** ਬੱਸ ਸੱਤ ਕੁ ਦਹਾਕਿਆਂ ਵਿੱਚ ਹੀ ਹੋਣੇ ਸੁਰੂ ਹੋ ਗਏ ਖਤਮ, ਪੈਟਰੋਲ, ਤੇਲ ਤੇ ਗੈਸਾਂ ਦੇ ਭੰਡਾਰ!

**ਔਰਤ ਸੂਤਰਧਾਰ:** ਹਾਂ ਜੀ ਤੇਲ ਦਾ ਸੰਕਟ ਤਾਂ ਬਣ ਗਿਆ ਸੀ ਬਹੁਤ ਵਿਕਰਾਲ ਸੱਤਰਵਿਆਂ ਵਿੱਚ! ਇੱਕ ਪਾਸੇ ਤੇਲ ਉਤਪਾਦਕ ਮੁਲਕਾਂ ਨੇ ਕੀਮਤਾਂ ਚੜ੍ਹਾ ਦਿੱਤੀਆਂ ਅਸਮਾਨੀ , ਦੂਜੇ ਪਾਸੇ ਸਾਹਮਣੇ ਆਉਣ ਲੱਗੇ ਇਨ੍ਹਾਂ ਬਾਲਣਾਂ ਦੇ ਪ੍ਰਭਾਵ ਪਰਿਆਵਰਣ 'ਤੇ ਅਤੇ ਮਨੁੱਖੀ ਸਿਹਤ 'ਤੇ ਵੀ!

**ਔਰਤ ਸੂਤਰਧਾਰ:** ਸਾਹਮਣੇ ਇਹ ਵੀ ਆ ਗਿਆ ਕਿ ਇਨ੍ਹਾਂ ਪਥਰਾਹਟੀ ਬਾਲਣਾਂ ਦੀ ਤਾਂ ਨਹੀਂ ਹੋ ਸਕਦੀ ਪੂਰਤੀ ਵੀ , ਐਨੀ ਜਲਦੀ !

**ਮਰਦ ਸੂਤਰਧਾਰ:** ਲੋੜ ਪੈ ਗਈ ਨਵੇਂ ਨਵੇਂ ਊਰਜਾ ਸ੍ਰੋਤਾਂ ਦੀ !

**ਔਰਤ ਸੂਤਰਧਾਰ:** ਤੇ ਸੁਰੂ ਹੋ ਗਈ ਖੋਜ !

**ਮਰਦ ਸੂਤਰਧਾਰ:** ਹਾਂ ਜੀ ! ਖੋਜ ਹੋ ਗਈ ਸੁਰੂ ਨਵਿਆਉਣਯੋਗ ਊਰਜਾ ਸ੍ਰੋਤਾਂ ਦੀ ਇੱਕ ਬੰਨੇ !

**ਔਰਤ ਸੂਤਰਧਾਰ:** ਤੇ ਸੁਰੂ ਹੋ ਗਈਆਂ ਚੇਤਨਾ ਮੁਹਿੰਮਾਂ, ਊਰਜਾ ਬਚਾਉਣ ਦੀਆਂ ਦੂਜੇ ਬੰਨੇ !

**ਮਰਦ ਸੂਤਰਧਾਰ:** ਹੋ ਗਿਆ ਮਨੁੱਖ ਸਚੇਤ ! ਕੁਦਰਤੀ ਸ੍ਰੋਤਾਂ ਦੇ ਦੋਹਨ ਬਾਬਤ !

**ਔਰਤ ਸੂਤਰਧਾਰ:** ਹੋ ਗਿਆ ਸਚੇਤ ! ਇਸ ਸੰਸਾਰ ਦੇ ਪਰਸਥਿਤਿਕ ਤੰਤਰ ਤੋਂ ਵੀ !

**ਮਰਦ ਸੂਤਰਧਾਰ:** ਪਤਾ ਚੱਲ ਗਿਆ ਕਿ ਕਿੰਨੇ ਜਰੂਰੀ ਨੇ ਰੇਤ ਦੇ ਟਿੱਬੇ ਵੀ !

**ਔਰਤ ਸੂਤਰਧਾਰ:** ਕਿੰਨੀਆਂ ਅਹਿਮ ਨੇ ਚਰਾਗਾਹਾਂ ਤੇ ਮੱਲ੍ਹੇ ਵੀ !

**ਮਰਦ ਸੂਤਰਧਾਰ:** ਸਮਝ ਆ ਗਈ ! ਕਿੰਨੇ ਮਹੱਤਵਪੂਰਨ ਨੇ ਜੰਡ, ਕਰੀਰ, ਕਿੱਕਰਾਂ ਤੇ ਬੇਰੀਆਂ ਵੀ !

**ਔਰਤ ਸੂਤਰਧਾਰ:** ਹੋ ਗਿਆ ਗਿਆਨ ਕਿ ਕਿਵੇਂ ਨੇ ਅਹਿਮ ਤੇ ਜਰੂਰੀ ? ਦਰਿਆ, ਨਦੀਆਂ, ਨਾਲੇ ਤੇ ਝੀਲਾਂ ਵੀ, ਲਗਾਤਾਰਤਾ ਇਸ ਜਨ ਜੀਵਣ ਦੀ ਦੇ ਲਈ !

**ਮਰਦ ਸੂਤਰਧਾਰ:** ਕਿਵੇਂ ਨੇ ਨਿਰਭਰ ਸਾਰੇ ਭਾਗ ਪੂਰੀ ਕਾਇਨਾਤ ਦੇ ਉਪਰ ?

**ਔਰਤ ਸੂਤਰਧਾਰ:** ਤੇ ਪੂਰੀ ਕਾਇਨਾਤ ਇਨ੍ਹਾਂ ਭਾਗਾਂ ਦੇ ਉਪਰ !

**ਮਰਦ ਸੂਤਰਧਾਰ:** ਨਹੀਂ ਕੋਈ ਵੀ ਅਜ਼ਾਦ ਇੱਕ ਦੂਜੇ ਤੋਂ !

**ਔਰਤ ਸੂਤਰਧਾਰ:** ਸਮਝ ਆ ਗਈ ਆਪਸੀ ਨਿਰਭਰਤਾ, ਆਪਸੀ ਸਹਿ ਹੋਂਦ, ਲਗਾਤਾਰ ਗਤੀ ਜੀਵਣ ਦੀ ਤੇ ਹਰ ਸ਼ੈਅ ਦੀ !

**ਮਰਦ ਸੂਤਰਧਾਰ:** ਆ ਗਈ ਅਕਲ ! ਕਿ ਕਿਵੇਂ ਹੈ ਜਰੂਰੀ ਸਮੁੰਦਰਾਂ ਦਾ ਪਰਸਿਥਿਤਿਕ ਤੰਤਰ ਵੀ ?

**ਔਰਤ ਸੂਤਰਧਾਰ:** ਸਮੁੰਦਰਾਂ ਦੀ ਹੋਂਦ ਦੇ ਲਈ, ਸਮੁੰਦਰੀ ਜੀਵਾਂ ਦੀ ਹੋਂਦ ਦੇ ਲਈ ਤੇ ਨਿਰਜੀਵ ਪਦਾਰਥਾਂ ਦੀ ਹੋਂਦ ਦੇ ਲਈ !

**ਮਰਦ ਸੂਤਰਧਾਰ:** ਕਿਉਂ ਹੈ ਜਰੂਰੀ ?

**ਔਰਤ ਸੂਤਰਧਾਰ:**ਸੰਭਾਲ ਕੇ ਰੱਖਣਾ ਉਨ੍ਹਾਂ ਅਨਮੋਲ ਤੋਹਫਿਆਂ ਨੂੰ !

**ਮਰਦ ਸੂਤਰਧਾਰ:** ਕੀ ਮਿਲਦੀਆਂ ਨੇ ਸੇਵਾਵਾਂ ?

**ਔਰਤ ਸੂਤਰਧਾਰ:** ਸਾਨੂੰ ਸਮੁੰਦਰਾਂ ਦੇ ਇਸ ਤੰਤਰ ਤੋਂ !

**ਮਰਦ ਸੂਤਰਧਾਰ:** ਕਿਵੇਂ ਹੋ ਗਿਆ ਹੈ ਨੁਕਸਾਨ ਇਨ੍ਹਾਂ ਦਾ ?

**ਔਰਤ ਸੂਤਰਧਾਰ:** ਕਿਵੇਂ ਸਕਦੇ ਹਾਂ ਅਸੀਂ ਬਚਾ , ਇਨ੍ਹਾਂ ਅਨਮੋਲ ਕੁਦਰਤੀ ਦਾਤਾਂ ਨੂੰ ?

**ਮਰਦ ਸੂਤਰਧਾਰ:** ਸੁਣਾਂਗੇ ਕਹਾਣੀ !

**ਔਰਤ ਸੂਤਰਧਾਰ:**ਕਿਉਂ ਜਰੂਰੀ ਹੈ ਵੰਨ-ਸੁਵੰਨਤਾ ਜੈਵਿਕ ਸੰਸਾਰ ਦੀ !

**ਮਰਦ ਸੂਤਰਧਾਰ:** ਇਹ ਵੀ ਸੁਣਾਂਗੇ ਕਿ ਕਹਿੰਦੇ ਕਿਸ ਨੂੰ ਨੇ ?

**ਔਰਤ ਸੂਤਰਧਾਰ:** ਵੰਨ-ਸੁਵੰਨਤਾ ਜੈਵਿਕ ਸੰਸਾਰ ਦੀ !

**ਮਰਦ ਸੂਤਰਧਾਰ:** ਯਾਣੀ ਕਿ ਸੁਣਾਵਾਂਗੇ ਕਹਾਣੀ ਜੈਵਿਕ ਭਿੰਨਤਾ ਦੀ !

**ਔਰਤ ਸੂਤਰਧਾਰ:** ਇਸ ਦੀ ਲੋੜ ਦੀ !

**ਮਰਦ ਸੂਤਰਧਾਰ:** ਕਿਉਂ ਹੋ ਰਿਹਾ ਹੈ ਖਾਤਮਾ ?

**ਔਰਤ ਸੂਤਰਧਾਰ:** ਇਸ ਜੈਵਿਕ ਭਿੰਨਤਾ ਦਾ !

**ਮਰਦ ਸੂਤਰਧਾਰ:** ਕੀ ਨੇ ਖਤਰੇ ?

**ਔਰਤ ਸੂਤਰਧਾਰ:**ਜੀਵਾਂ ਦੀ ਇਸ ਵੰਨ -ਸੁਵੰਨਤਾ ਨੂੰ !

**ਮਰਦ ਸੂਤਰਧਾਰ:** ਕੀ ਹੋਵੇਗਾ ਜੀਵਣ ਸਾਡੇ ਦਾ ਹਾਲ ?

**ਔਰਤ ਸੂਤਰਧਾਰ:**ਵੰਨ-ਸੁਵੰਨਤਾ ਦੇ ਖਾਤਮੇ ਦੇ ਨਾਲ !

**ਮਰਦ ਸੂਤਰਧਾਰ:** ਇਹ ਵੀ ਸੁਣਾਵਾਂਗੇ ਗਾਥਾ ਕਿ ਕਿਵੇਂ ਸੁਰੱਖਿਅਤ ਕੀਤੀ ਜਾ ਸਕਦੀ ਹੈ ਜੈਵਿਕ ਭਿੰਨਤਾ ?

**ਔਰਤ ਸੂਤਰਧਾਰ:**ਕਿਵੇਂ ਦੂਰ ਕੀਤੇ ਜਾ ਸਕਦੇ ਨੇ ਖਤਰੇ ਜੋ ਦਰਪੇਸ਼ ਨੇ ਇਸਨੂੰ ?

**ਮਰਦ ਸੂਤਰਧਾਰ:** ਜਾਣਾਂਗੇ ਵਿਸਤਾਰ ਦੇ ਵਿੱਚ !

**ਔਰਤ ਸੂਤਰਧਾਰ:** ਕੀ ਹੈ ਭੂਮਿਕਾ ਵਿਕਾਸ ਦੇ ਇਸ ਮਾਡਲ ਦੀ ?

**ਮਰਦ ਸੂਤਰਧਾਰ:** ਕਿਵੇਂ ਹੋਵੇਗਾ ਸਹਾਇਕ ਟਿਕਾਊ ਵਿਕਾਸ ?

**ਔਰਤ ਸੂਤਰਧਾਰ:**ਰੱਖਣ ਦੇ ਲਈ ਸੁਰੱਖਿਅਤ , ਇਸ ਵੰਨ-ਸੁਵੰਨਤਾ ਨੂੰ !

**ਮਰਦ ਸੂਤਰਧਾਰ:** ਕੀ ਨੇ ਉਹ ਸੇਵਾਵਾਂ ?

**ਔਰਤ ਸੂਤਰਧਾਰ:**ਜੋ ਮਿਲਦੀਆਂ ਨੇ ਸਾਨੂੰ ਇਨ੍ਹਾਂ ਤੰਤਰਾਂ ਤੋਂ !

**ਮਰਦ ਸੂਤਰਧਾਰ:** ਵੇਖਣਾ ਤੁਸੀਂ ਖੁਦ ਹੀ !

**ਔਰਤ ਸੂਤਰਧਾਰ:**ਸਾਡੀ ਆਧੁਨਿਕ ਜੀਵਣ ਸ਼ੈਲੀ ਤੇ ਅਰਥ ਸ਼ਾਸਤਰ ਦੀਆਂ ਗਿਣਤੀਆਂ ਮਿਣਤੀਆਂ ਤੋਂ ਵੀ ਦੂਰ !

**ਮਰਦ ਸੂਤਰਧਾਰ:**ਕਿਵੇਂ ਨੇ ਇਹ ਕਰਦੀਆਂ ਸਾਡੀ ਆਰਥਕ ਸੇਵਾ ?

**ਔਰਤ ਸੂਤਰਧਾਰ:** ਕਿਉਂ ਹੈ ਕਾਣਾਂ ਦਾ ਟਿਕਾਊਪਨ ਜਰੂਰੀ ?

**ਮਰਦ ਸੂਤਰਧਾਰ:**ਸਾਡੀ ਹੋਂਦ ਦੇ ਲਈ !

**ਔਰਤ ਸੂਤਰਧਾਰ:** 'ਤੇ ਹੋ ਕਿਵੇਂ ਸਕਦਾ ਹੈ ਟਿਕਾਊਪਨ ?

**ਮਰਦ ਸੂਤਰਧਾਰ:**ਕਾਣਾਂ ਤੇ ਖਨਣ ਦਾ !

**ਔਰਤ ਸੂਤਰਧਾਰ:** ਕਿਉਂ ਹੈ ਚਿੰਤਾ ਸਾਨੂੰ ?

**ਮਰਦ ਸੂਤਰਧਾਰ:**ਰੇਤ ਤੇ ਬਜਰੀ ਦੀ !

**ਔਰਤ ਸੂਤਰਧਾਰ:** ਕਿਉਂ ਕਰ ਰਹੇ ਨੇ ਜਦੋ ਜਹਿਦ ਲੋਕ ?

**ਮਰਦ ਸੂਤਰਧਾਰ:**ਮੁਕੇਰੀਆਂ ਤੇ ਤਲਵਾੜੇ ਦੇ ਇਸ ਬੇਵਹਾ ਖਨਨ ਦੇ ਵਿਰੁੱਧ !

**ਔਰਤ ਸੂਤਰਧਾਰ:** ਕਿਉਂ ਬਦਲ ਰਹੀ ਹੈ ਰੇਗਿਸਤਾਨ ਦੇ ਵਿੱਚ ?

**ਮਰਦ ਸੂਤਰਧਾਰ:**ਸਾਡੀ ਇਹ ਹਰੀ ਭਰੀ ਧਰਤੀ !

**ਔਰਤ ਸੂਤਰਧਾਰ:** ਕੀ ਹੋਵੇਗਾ ਪ੍ਰਭਾਵ ਸਾਡੇ ਜਨ -ਜੀਵਣ 'ਤੇ ?

**ਮਰਦ ਸੂਤਰਧਾਰ:**ਇਸ ਮਾਰੂਥਲੀਕਰਨ ਦਾ !

**ਔਰਤ ਸੂਤਰਧਾਰ:** ਕਿਵੇਂ ਸਕਦੇ ਹਾਂ ਰੋਕ ਅਸੀਂ ?

**ਮਰਦ ਸੂਤਰਧਾਰ:**ਇਸ ਭਿਅੰਕਰ ਮਾਰੂਥਲੀਕਰਨ ਨੂੰ !

**ਔਰਤ ਸੂਤਰਧਾਰ:** ਕੀ ਹੋ ਸਕਦੇ ਨੇ ਯਤਨ ?

**ਮਰਦ ਸੂਤਰਧਾਰ:**ਰਾਸਟਰੀ ਤੇ ਅੰਤਰ ਰਾਸਟਰੀ ਪੱਧਰ 'ਤੇ !

**ਔਰਤ ਸੂਤਰਧਾਰ:** ਕੀ ਹੋ ਸਕਦੀ ਹੈ ਸਾਡੀ ਵਿਅਕਤੀਗਤ ਭੂਮਿਕਾ ?

**ਮਰਦ ਸੂਤਰਧਾਰ:**ਰੋਕਨ ਲਈ ਇਸ ਮਾਰੂਥਲੀਕਰਨ ਨੂੰ !

**ਔਰਤ ਸੂਤਰਧਾਰ:** ਸੁਣਾਂਗੇ ਕਹਾਣੀ ਕਿ ਕੀ ਹੈ ਸਬੰਧ ?

**ਮਰਦ ਸੂਤਰਧਾਰ:**ਟਿਕਾਊ ਵਿਕਾਸ ਦਾ ਇਸ ਮਾਰੂਥਲੀਕਰਨ ਨੂੰ ਰੋਕਨ ਵਿੱਚ !

**ਔਰਤ ਸੂਤਰਧਾਰ:** ਕੀ ਹੋਵੇਗੀ ਭੂਮਿਕਾ ਇਸ ਮਾਰੂਥਲੀਕਰਨ ਦੇ ਰੁਕਣ ਦੀ ?

**ਮਰਦ ਸੂਤਰਧਾਰ:** ਕਿਸਾਨ ਦੀ ਆਰਥਕਤਾ ਦੇ ਵਿੱਚ

**ਔਰਤ ਸੂਤਰਧਾਰ:** ਕਿਵੇਂ ਹੋਵੇ ਟਿਕਾਊ ਖੇਤੀ ?

**ਮਰਦ ਸੂਤਰਧਾਰ:**ਚਿੱਟੇ ਸੋਨੇ ( ਨਰਮੇ ) ਨੂੰ ਤੇ ਕਿਸਾਨ ਨੂੰ ਬਚਾਉਣ ਦੇ ਲਈ !

**ਔਰਤ ਸੂਤਰਧਾਰ:** ਕਿਵੇਂ ਹੋ ਸਕਦਾ ਹੈ ਟਿਕਾਊ ਵਿਕਾਸ ?

**ਮਰਦ ਸੂਤਰਧਾਰ:**ਲੋਹਾ ਨਗਰੀ ਮੰਡੀ ਗੋਬਿੰਦਗੜ੍ਹ ਦਾ?

**ਔਰਤ ਸੂਤਰਧਾਰ:** ਕਹਾਣੀ ਹੋਵੇਗੀ ਵਿਗਿਆਨ ਤੇ ਤਕਨਾਲੋਜੀ ਦੇ ਵਿਕਾਸ ਦੀ ਵੀ !

**ਮਰਦ ਸੂਤਰਧਾਰ:** ਕੁਦਰਤੀ ਸ੍ਰੋਤਾਂ ਦੀ ਵਰਤੋਂ 'ਤੇ ਪੈਣ ਵਾਲੇ ਪ੍ਰਭਾਵ ਵੀ ਕੀਤੇ ਜਾਣਗੇ ਬਿਆਨ !

**ਔਰਤ ਸੂਤਰਧਾਰ:** ਇਸ ਵਿਕਾਸ ਦੌਰਾਨ ਵਿਕਸਤ ਹੋ ਰਹੇ ਮਹਾਂ ਨਗਰਾਂ ਦੀ ਗਾਥਾ ਵੀ ਕੀਤੀ ਜਾਵੇਗੀ ਬਿਆਨ !

**ਮਰਦ ਸੂਤਰਧਾਰ:** ਕਰਾਂਗੇ ਗੱਲ ਤਾਂ ਅਸੀਂ ਪਿੰਡਾ ਤੇ ਸ਼ਹਿਰਾਂ ਦੇ ਪਾੜੇ ਦੀ ਵੀ !

**ਔਰਤ ਸੂਤਰਧਾਰ:**ਸ਼ਹਿਰਾਂ ਤੇ ਪਿੰਡਾਂ ਵਿਚਲੀ ਆਰਥਕ ਅਸਮਾਨਤਾ ਦੀ ਵੀ ।

**ਮਰਦ ਸੂਤਰਧਾਰ:** ਕਰਾਂਗੇ ਗੱਲ ਕਿ ਕਿਉਂ ਕਰ ਰਹੇ ਨੇ ਪਲਾਇਣ ਲੋਕ ਪਿੰਡਾਂ ਤੋਂ ਸ਼ਹਿਰਾਂ ਵੱਲ ਨੂੰ ? ਕੀ ਨੇ **ਔਰਤ**

**ਔਰਤ ਸੂਤਰਧਾਰ:** ਸਮੱਸਿਆਵਾਂ ਇਸ ਪਲਾਇਣ ਦੀਆਂ ?

**ਮਰਦ ਸੂਤਰਧਾਰ:** ਕੀ ਹੈ ਸਮੱਸਿਆ ਮਹਾਂ ਨਗਰਾਂ ਦੀ ?

**ਔਰਤ ਸੂਤਰਧਾਰ:** ਕੀ ਪੈ ਰਿਹਾ ਹੈ ਪ੍ਰਭਾਵ ਬੇਹੱਦ ਸ਼ਹਿਰੀਕਰਨ ਦਾ , ਪੰਜਾਬ ਦੇ ਟਿਕਾਊ ਵਿਕਾਸ ਤੇ ?

**ਮਰਦ ਸੂਤਰਧਾਰ:** ਕੀ ਕਰੀਏ ਇਸ 37.48% ਸ਼ਹਿਰੀ ਵਸੋਂ ਦੇ ਆਵਾਸ, ਭੋਜਨ, ਤੇ ਕਪੜਿਆ ਦੇ ਲਈ ? ਲੜ –

**ਔਰਤ ਸੂਤਰਧਾਰ:**ਖੜਾ ਨਾ ਜਾਏ ਕਿਤੇ ਵਿਕਾਸ ਦੀ ਗਤੀ ਹੀ !

**ਮਰਦ ਸੂਤਰਧਾਰ:** ਕਿਵੇਂ ਰੱਖੀਏ ਸੰਭਾਲ ਲੁਧਿਆਣੇ ਵਰਗੇ ਮਹਾਂ ਨਗਰ ਦੇ ਪਰਿਆਵਰਣ ਦੀ ?

**ਔਰਤ ਸੂਤਰਧਾਰ:** ਕੀ ਕਰੀਏ ਪ੍ਰਬੰਧ ਸਿਹਤ ਤੇ ਪੀਣ ਦੇ ਪਾਣੀ ਦਾ ?

**ਮਰਦ ਸੂਤਰਧਾਰ:** ਕਿਵੇਂ ਕਰਾਂਗੇ ਸੰਭਾਲ ਮਨੁਖੀ ਤੇ ਪਸ਼ੂਆਂ ਦੇ ਗੰਦ ਮੰਦ ਦੀ ?

**ਔਰਤ ਸੂਤਰਧਾਰ:** ਕੀ ਮੌਜੂਦਾ ਸੀਵਰ ਪ੍ਰਣਾਲੀ ਹੈ ਸੱਚ ਮੁੱਚ ਕਿਸੇ ਟਿਕਾਊ ਵਿਕਾਸ ਦਾ ਨਮੂਨਾ ?

**ਮਰਦ ਸੂਤਰਧਾਰ:**ਕਰਾਂਗੇ ਗਹਿਣ ਵਿਚਾਰਾਂ ਇਸ ਮਾਮਲੇ 'ਤੇ ਵੀ !

**ਔਰਤ ਸੂਤਰਧਾਰ:** ਕੇਵਲ ਮਨੁਖਾਂ ਤੇ ਪਸ਼ੂਆਂ ਦਾ ਗੰਦ ਮੰਦ ਹੀ ਨਹੀਂ !

**ਮਰਦ ਸੂਤਰਧਾਰ:**ਹੁਣ ਤਾਂ ਸ਼ਹਿਰਾਂ ਵਿੱਚ ਪਲਾਸਟਿਕ ਦਾ ਫੋਕਟ ਵੀ ਪੈਦਾ ਹੋ ਰਿਹਾ ਹੈ ਬੇਹਿਸਾਬ !

**ਔਰਤ ਸੂਤਰਧਾਰ:** ਆਹੋ ਜੀ ! ਜਿਧਰ ਵੇਖੋ , ਬੋਤਲਾਂ ਹੀ ਬੋਤਲਾਂ ! ਢੇਰ ਨੇ ਪਲਾਸਟਿਕ ਦੀਆਂ ਖਾਲੀ ਬੋਤਲਾਂ ਗਲਾਸਾਂ ਕੱਪ ਪਲੇਟਾਂ ਦੇ !

**ਮਰਦ ਸੂਤਰਧਾਰ:** ਪਾਣੀ ਦੀਆਂ ਬੋਤਲਾਂ , ਪੈਪਸੀ ਦੇ ਪੇਅ ਪਦਾਰਥਾਂ ਦੀਆਂ ਬੋਤਲਾਂ , ਜੂਸ ਦੀਆਂ ਬੋਤਲਾਂ , ਚਿਪਸ ਦੇ ਖਾਲੀ ਲਿਫਾਫੇ , ਬੇਹਿਸਾਬ ਦਾ ਪਲਾਸਟਿਕ !

**ਔਰਤ ਸੂਤਰਧਾਰ:** ਹਾਂ ਜੀ ! ਸੁਣਾਂਗੇ ਕਹਾਣੀ ਕਿ ਕਿਵੇਂ ਹੋਵੇਗਾ ਸਹਾਈ ਇਹ ਟਿਕਾਊ ਵਿਕਾਸ ਦਾ ਮਾਡਲ ਪਿੰਡਾਂ ਤੇ ਸ਼ਹਿਰਾਂ ਵਿੱਚਲੇ ਪਾੜੇ ਨੂੰ ਘਟਾਉਣ ਦੇ ਲਈ ?

**ਮਰਦ ਸੂਤਰਧਾਰ:** ਪਿੰਡਾਂ–ਸ਼ਹਿਰਾਂ ਵਿੱਚ ਹੀ ਨਹੀਂ !

**ਔਰਤ ਸੂਤਰਧਾਰ:**ਸਗੋਂ ਰਖਾਂਗੇ ਉਂਗਲ ! ਅੰਤਰਰਾਸਟਰੀ ਪੱਧਰ ਤੇ ਸ੍ਰੋਤਾਂ ਦੀ ਵਰਤੋਂ ਵਿੱਚ ਅਸਮਾਨਤਾ ਤੇ ਵੀ!

**ਮਰਦ ਸੂਤਰਧਾਰ:** ਹਾਂ ਜੀ ! ਕਰਾਂਗੇ ਵਿਚਾਰਾਂ ਅਮੀਰ ਲੋਕਾਂ ਤੇ ਪੈਸੇ ਵਾਲੇ ਮੁਲਕਾਂ ਵੱਲੋਂ ਅਪਣਾਏ ਗਏ ਵਿਵੇਕਹੀਨ ਖਪਤਵਾਦ ਦੀਆਂ !

**ਔਰਤ ਸੂਤਰਧਾਰ:** ਗੱਲ ਤਾਂ ਅਸੀਂ ਕਰਾਂਗੇ ਇਸ ਬੇ-ਸੋਚੇ ਸਮਝੇ ਖਪਤਵਾਦ ਦੇ ਮੁਕਾਬਲੇ ਵਿੱਚ !

**ਮਰਦ ਸੂਤਰਧਾਰ:**ਸੋਚ ਸਮਝ ਕੇ ਅਪਣਾਏ ਜਾਣ ਵਾਲੇ ਟਿਕਾਊ ਅਮਲਾਂ ਦੀਆਂ ਵੀ !

**ਔਰਤ ਸੂਤਰਧਾਰ:** ਗੱਲ ਕੀਤੀ ਜਾਵੇਗੀ ਕਿ ਕਿਵੇਂ ਇਸ ਖਪਤਵਾਦੀ ਸਭਿਆਚਾਰ ਵਿੱਚ ਵੱਧ ਰਹੀ ਹੈ ਲੋੜ ਊਰਜਾ ਦੀ !

**ਮਰਦ ਸੂਤਰਧਾਰ:**ਕਿਵੇਂ ਕਰਾਂਗੇ ਹੱਲ ਊਰਜਾ ਦੀ ਇਸ ਸਮੱਸਿਆ ਦਾ ?

**ਔਰਤ ਸੂਤਰਧਾਰ:** ਸੁਣਾਵਾਂ ਗੇ ਕਹਾਣੀ ਕਿ ਕੀ ਹੈ ਰਿਸ਼ਤਾ ਕਾਲਾ ਪੀਲੀਆ ਤੇ ਕੈਂਸਰ ਵਰਗੀਆਂ ਬੀਮਾਰੀਆਂ ਦਾ

**ਮਰਦ ਸੂਤਰਧਾਰ:**ਇਸ ਗੈਰ ਕੁਦਰਤੀ ਵਿਕਾਸ ਦੇ ਮਾਡਲ ਦੇ ਨਾਲ

**ਔਰਤ ਸੂਤਰਧਾਰ:** ਕੀ ਹੈ ਹੱਲ ? ਕੀ ਮੁਫਤ ਇਲਾਜ ? ਕੀ ਕੈਂਸਰ ਦੇ ਵੱਡੇ ਵੱਡੇ ਆਧੁਨਿਕ ਹਸਪਤਾਲ ?

**ਮਰਦ ਸੂਤਰਧਾਰ:**ਕੀ ਵਿਕਾਸ ਦੇ ਇਸ ਮਾਡਲ ਦਾ ਬਦਲਾਅ ?

**ਔਰਤ ਸੂਤਰਧਾਰ:** ਸੁਣਾਂਵਾਂਗੇ ਕਹਾਣੀ ! ਚਲਾ ਕਿਉਂ ਗਿਆ ਧਰਤੀ ਹੇਠਲਾ ਪਾਣੀ ਐਨਾ ਨੀਚੇ ?

**ਮਰਦ ਸੂਤਰਧਾਰ:** ਕੀ ਹੈ ਹੱਲ ?

**ਔਰਤ ਸੂਤਰਧਾਰ:** ਕਿਧਰ ਗਏ ਪਿੰਡਾਂ ਦੇ ਟੋਭੇ ?

**ਮਰਦ ਸੂਤਰਧਾਰ:** ਕਿਉਂ ਅਸੀਂ ਪਾਉਣ ਲੱਗ ਗਏ ਟੋਭਿਆਂ ਦਾ ਪਾਣੀ ਨਾਲਿਆਂ ਦੇ ਵਿੱਚ ?

**ਔਰਤ ਸੂਤਰਧਾਰ:** ਕੀ ਟੋਭੇ ਹੋ ਸਕਦੇ ਨੇ ਕੋਈ ਸਮੱਸਿਆਵਾਂ ਦਾ ਹੱਲ ?

**ਮਰਦ ਸੂਤਰਧਾਰ:**ਤੇ ਕੀ ਇਹ ਬਣ ਸੱਕਦੇ ਨੇ ਕਿਸੇ ਹੱਦ ਤੱਕ ਟਿਕਾਊ ਵਿਕਾਸ ਦੀ ਧੁਰੀ ?

**ਔਰਤ ਸੂਤਰਧਾਰ:** ਕੀ ਟੋਭਿਆਂ ਰਾਹੀਂ ਸਾਂਭਿਆ ਜਾ ਸਕਦਾ ਹੈ ?

**ਮਰਦ ਸੂਤਰਧਾਰ:**ਪੰਜਾਬ ਦੇ 12581 ਪਿੰਡਾਂ ਦਾ ਬਾਰਸ਼ ਦਾ ਪਾਣੀ ?

**ਔਰਤ ਸੂਤਰਧਾਰ:** ਕੀ ਟੋਭੇ ਬਣ ਸਕਦੇ ਨੇ ਜ਼ਰੀਆ ਧਰਤੀ ਹੇਠਲੇ ਪਾਣੀ ਦੀ ਭਰਪਾਈ ਦਾ ?

**ਮਰਦ ਸੂਤਰਧਾਰ:** ਕੀ ਟੋਭਿਆ ਤੋਂ ਆਉਂਦੀ ਠੰਢੀ ਪੌਣ ਬਣ ਸਕਦੀ ਹੈ ਵਸੀਲਾ ?

**ਔਰਤ ਸੂਤਰਧਾਰ:** ਊਰਜਾ ਦੀ ਖਪਤ ਘਟਾਉਣ ਦਾ?

**ਮਰਦ ਸੂਤਰਧਾਰ:** ਕੀ ਟੋਭੇ ਬਣ ਸਕਦੇ ਨੇ ਮੱਛੀ ਪਾਲਣ ਦੇ, ਸੰਤੁਲਤ ਸਸਤੇ ਭੋਜਨ ਦੇ ਤੇ ਰੁਜਗਾਰ ਦੇ ਪੁਖਤਾ ਸਾਧਨ ?

**ਮਰਦ ਸੂਤਰਧਾਰ:** ਕੀ ਟੋਭੇ ਬਣ ਸਕਦੇ ਨੇ ਮਨਰੇਗਾ ਦੇ ਕੰਮ ਲਈ ਪੱਕੇ ਵਸੀਲੇ ?

**ਔਰਤ ਸੂਤਰਧਾਰ:** ਕੀ ਇਨ੍ਹਾਂ ਦੇ ਦੁਆਲੇ ਲੱਗੇ ਰੁੱਖ ਬਣ ਸਕਦੇ ਨੇ ਪਰਿਆਵਰਣ ਦੇ ਜ਼ਾਮਣ ?

**ਮਰਦ ਸੂਤਰਧਾਰ:** ਕਿਉਂ ਨਹੀ ? ਇਸੇ ਲਈ ਤਾਂ ਸੁਰੂ ਹੋ ਗਈ ਸੰਭਾਲ ਜਲਗਾਹਾਂ ਦੀ ਵੀ !

**ਔਰਤ ਸੂਤਰਧਾਰ:** ਆਹੋ ਜੀ ! ਐਵੇਂ ਤਾਂ ਨਹੀ ਅਸੀਂ ਸਾਂਭਦੇ ਹਰੀ ਕੇ ਪੱਤਨ ਦੀ ਝੀਲ ਨੂੰ, ਰੋਪੜ ਵਿਖੇ ਸਤਲੁਜ ਦੀ ਝੀਲ ਨੂੰ !

**ਮਰਦ ਸੂਤਰਧਾਰ:** ਕਾਂਜਲੀ, ਰਣਜੀਤ ਸਾਗਰ, ਕੇਸ਼ੋਪੁਰ ਝੀਲ, ਢੋਲਬਾਹਾ , ਜਸਤਰਵਾਲ ਝੀਲਾਂ , ਮੰਡ ਭਰਥਲਾ ਤੇ ਹੁਸੈਨੀਵਾਲਾ ਜਲਗਾਹਾਂ ਤੇ ਝਾਵਰੀਆਂ ਬੰਗੜ ਛੰਭ !

**ਔਰਤ ਸੂਤਰਧਾਰ:** ਇਸ ਵਿਨਾਸ ਦੀ ਕਹਾਣੀ ਬਾਬਤ ਚੇਤੰਨ ਹੋ ਰਹੀ ਹੈ ਲੋਕਾਈ ਅੰਤਰ ਰਾਸਟਰੀ ਪੱਧਰ ਤੇ ਵੀ !

**ਮਰਦ ਸੂਤਰਧਾਰ:** ਬਣ ਰਹੀ ਹੈ ਸਮਝ ! ਕਿ ਲੋੜ ਹੈ ਟਿਕਾਊ ਵਿਕਾਸ ਵਾਸਤੇ ਸਹਿਯੋਗ ਦੀ ਅੰਤਰ-ਰਾਸਟਰੀ ਪੱਧਰ ਤੇ ਵੀ !

**ਔਰਤ ਸੂਤਰਧਾਰ:** ਵੇਖੋ ਜੀ ! ਮੈਨੂੰ ਤਾਂ ਲੱਗਦਾ ਹੈ ਕਿ ਧਰਤੀ ਦੇ ਪਰਿਆਵਰਣੀ ਸਮਾਜਿਕ ਤੇ ਆਰਥਕ ਮਾਮਲਿਆਂ ਨੂੰ ਸਮੁੱਚੇ ਰੂਪ ਵਿੱਚ ਹੀ ਸਮਝਣ ਨਾਲ ਨਿੱਕਲੇਗਾ ਕੋਈ ਪੁਖਤਾ ਸਮਾਧਾਨ !

**ਮਰਦ ਸੂਤਰਧਾਰ:** ਠੀਕ ਹੈ ਗੱਲ ਤਾਂ ਤੁਹਾਡੀ ! ਵੱਡੀ ਤਸਵੀਰ ਨਜ਼ਰ ਵਿੱਚ ਰੱਖਣੀ ਪਵੇਗੀ ! ਸਾਰੇ ਸੰਸਾਰ ਵਿੱਚ ਟਿਕਾਊ ਵਿਕਾਸ ਇੱਕੋ ਜਿਹੀ ਦਿਸ਼ਾ ਵਿੱਚ ਹੋਣਾ ਜਰੂਰੀ ਹੈ, ਨਹੀਂ ਤਾਂ ਇੱਕ ਦਾ ਕੀਤਾ ਕੰਮ ਦੂਜੇ ਦੇ ਉਲਟ ਦਿਸ਼ਾ ਵਿੱਚ ਕੀਤੇ ਕੰਮ ਨਾਲ ਹੋ ਜਾਵੇਗਾ ਨਸ਼ਟ !

**ਔਰਤ ਸੂਤਰਧਾਰ:** ਸੰਸਾਰ ਦੇ ਸ੍ਰੋਤਾਂ ਦੀ ਭਾਈਵਾਲੀ ਬਰਾਬਰਤਾ ਵਾਲੀ ਹੋਣੀ ਜਰੂਰੀ ਹੈ ! ਇਸ ਦਿਸ਼ਾ ਵਿੱਚ ਸੰਸਾਰ ਪੱਧਰ ਤੇ ਬਹੁਤ ਸਾਰੇ ਹੋਏ ਨੇ ਯਤਨ ਵੀ !

**ਮਰਦ ਸੂਤਰਧਾਰ:** ਹਾਂ ਜੀ ! ਇਸ ਵਰਤਾਰੇ ਨੂੰ ਠਲ੍ਹ ਪਾਉਣ ਲਈ ਯਤਨ ਤਾਂ ਸੁਰੂ ਹੋ ਗਏ ਸਨ ਸੱਤਰਵਿਆਂ ਦੇ ਸੁਰੂ ਵਿੱਚ ਹੀ!

**ਔਰਤ ਸੂਤਰਧਾਰ:** ਆਹੋ ਸਾਲ 1972 ਵਿੱਚ ਸਟਾਕਹਾਲਮ ਵਿਖੇ ਸਯੁੰਕਤ ਰਾਸਟਰ ਸੰਮੇਲਨ ਹੋਇਆ ਸੀ , ਇਨ੍ਹਾਂ ਹੀ ਚਿੰਤਾਵਾਂ ਨੂੰ ਲੈ ਕੇ !

**ਮਰਦ ਸੂਤਰਧਾਰ:** ਉਹ ਸੰਮੇਲਨ ਹੋਇਆ ਸੀ ਮਨੁੱਖੀ ਪਰਿਆਵਰਣ ਨੂੰ ਲੈ ਕੇ ! ਸੰਸਾਰ ਪੱਧਰ ਦੇ ਪਰਿਆਵਰਣ ਤੇ ਹੋਈਆਂ ਸਨ ਗਹਿਣ ਵਿਚਾਰਾਂ ਨਿੱਠ ਕੇ ਇਸ ਪਲੇਠੇ ਸੰਮੇਲਨ ਵਿੱਚ !

**ਔਰਤ ਸੂਤਰਧਾਰ:** ਇੰਜ ਤਾਂ ਉਸ ਉਪਰੰਤ ਕਈ ਸਾਰੇ ਅੰਤਰ ਰਾਸਟਰੀ ਸਮਝੌਤਿਆਂ ਦਾ ਵੀ ਖੁੱਲ੍ਹ ਗਿਆ ਸੀ ਰਸਤਾ !

**ਮਰਦ ਸੂਤਰਧਾਰ:** ਸਾਲ 1978 ਵਿੱਚ ਹੋ ਗਿਆ ਸੀ ਵੱਡੀਆਂ ਝੀਲਾਂ ਦੇ ਪਾਣੀ ਦੀ ਗੁਣਵਤਾ ਬਾਬਤ ਸਮਝੌਤਾ !

**ਔਰਤ ਸੂਤਰਧਾਰ:** ਅਗਲੇ ਸਾਲ 1979 ਵਿੱਚ ਹੋ ਗਿਆ ਜਨਏਵਾ ਵਿੱਖੇ ਸ਼ਮਮੇਲਨ ਸਰਹੱਦਾਂ ਪਾਰ ਹਵਾ ਪ੍ਰਦੂਸ਼ਨ ਬਾਬਤ !

**ਮਰਦ ਸੂਤਰਧਾਰ:** 1985 ਵਿੱਚ ਪਾਈ ਗਈ ਸਹੀ ਹੈਲਿੰਸਕੀ ਸਮਝੌਤੇ ਤੇ !

**ਔਰਤ ਸੂਤਰਧਾਰ:** 1988 ਵਿੱਚ ਮਰਿਆਦਾ ਮਤਾ ਹੋ ਗਿਆ ਸਵੀਕਾਰ, ਓਜ਼ੋਨ ਦੀ ਪਰਤ ਨੂੰ ਘਟਾਉਣ ਵਾਲੇ ਪਦਾਰਥਾਂ ਬਾਬਤ !

**ਮਰਦ ਸੂਤਰਧਾਰ:** ਅਗਲੇ ਹੀ ਸਾਲ 1989 ਵਿੱਚ ਇੱਕ ਹੋਰ ਵੀ ਸੰਮੇਲਨ ਕੀਤਾ ਗਿਆ !

**ਔਰਤ ਸੂਤਰਧਾਰ:** ਹੈਂ ! ਇੱਕ ਹੋਰ ਸਮਮੇਲਨ ? ਉਹ ਕਿਉਂ ?

**ਮਰਦ ਸੂਤਰਧਾਰ:** ਉਹ ਸੀ ਖਤਰਨਾਕ ਰਹਿੰਦ-ਖੂੰਹਦ ਦੀ ਸਰਹਦਾਂ ਪਾਰ ਆਵਾਜਾਈ ਬਾਬਤ !

**ਔਰਤ ਸੂਤਰਧਾਰ:** ਅੱਛਾ ਤਾਂ ਆਹ ਟਿਕਾਊ ਵਿਕਾਸ ਨਾਮ ਦਾ ਮੁਹਾਵਰਾ ਕਦ ਆਇਆ ਵਰਤੋਂ ਵਿੱਚ ?

**ਮਰਦ ਸੂਤਰਧਾਰ:** ਇਹ ਮੁਹਾਵਰਾ ਸਾਡੇ ਸ਼ਬਦ ਭੰਡਾਰ ਦਾ ਅੰਗ ਬਣਿਆ 1987 ਵਿੱਚ!

**ਔਰਤ ਸੂਤਰਧਾਰ:** ਤਾਂ ਫਿਰ ਸਾਡੇ ਵਿਕਾਸ ਦੇ ਆਧੁਨਿਕ ਮਾਡਲ ਨੂੰ ਵੱਡੀ ਚੁਨੌਤੀ ਤਾਂ 1987 ਵਿੱਚ ਆਹ **'ਟਿਕਾਊ ਵਿਕਾਸ'** ਨਾਮ ਦੇ ਮੁਹਾਵਰੇ ਤੋਂ ਹੀ ਮਿਲੀ ?

**ਮਰਦ ਸੂਤਰਧਾਰ:** ਆਹੋ ! ਬੇਸ਼ੱਕ ਇਸੇ ਤਰ੍ਹਾਂ ਹੀ ਮੰਨ ਲਈਏ ! ਕਿਉਂ ਜੋ ਇਸ ਉਪਰੰਤ ਹੀ ਤਾਂ ਸਥਾਪਤ ਕੀਤਾ ਸੀ , ਸੰਸਾਰ ਪੱਧਰ ਦਾ ਪਰਿਆਵਰਣ ਤੇ ਵਿਕਾਸ ਕਮਿਸ਼ਨ, ਸੰਯੁਕਤ ਰਾਸਟਰ ਦੇ ਆਮ ਅਜਲਾਸ ਨੇ !

**ਔਰਤ ਸੂਤਰਧਾਰ:** 1992 ਵਿੱਚ ਹੋਇਆ ਅੰਤਰ ਰਾਸਟਰੀ ਸੰਮੇਲਨ ਰੀਓ ਡੀ ਜਨੇਰੋ ਦੇ ਵਿੱਚ !

**ਮਰਦ ਸੂਤਰਧਾਰ:** 1994 ਵਿੱਚ ਹੋਇਆ ਅੰਤਰ ਰਾਸਟਰੀ ਸੰਮੇਲਨ ਮਾਰੂਥਲੀਕਰਨ ਨੂੰ ਠੱਲ੍ਹ ਪਾਉਣ ਦੇ ਲਈ !

**ਔਰਤ ਸੂਤਰਧਾਰ:** 1997 ਵਿੱਚ ਕੋਇਟੋ ਸਮਝੋਤਾ ਹੋਇਆ ਅੰਤਰ ਰਾਸਟਰੀ ਪੱਧਰ ਤੇ !

**ਮਰਦ ਸੂਤਰਧਾਰ:** 1998 ਵਿੱਚ ਹੋਇਆ ਅੰਤਰ ਰਾਸਟਰੀ ਸੰਮੇਲਨ ਸਟੋਕਹੋਲਮ ਵਿਖੇ !

**ਔਰਤ ਸੂਤਰਧਾਰ:** 2001 ਵਿੱਚ ਹੋਇਆ ਅੰਤਰ ਰਾਸਟਰੀ ਸੰਮੇਲਨ ਜਹਿਰੀਲੇ ਰਸਾਇਣਾਂ ਬਾਬਤ !

**ਮਰਦ ਸੂਤਰਧਾਰ:** 2004 ਵਿੱਚ ਜੋਖਮ ਭਰਪੂਰ ਰਸਾਇਣਾਂ ਬਾਬਤ ਤੇ 2010 ਵਿੱਚ ਗੁਣ ਸੂਤਰਾਂ ਬਾਬਤ ਵੀ ਅੰਤਰ ਰਾਸਟਰੀ ਸੰਮੇਲਨ ਹੋਏ !

**ਔਰਤ ਸੂਤਰਧਾਰ:** ਸੰਮੇਲਨਾਂ ਵਿੱਚ ਸਮਝੋਤੇ ਤਾਂ 2013 ਤੋਂ ਤਾਪਮਾਨ ਘਟਾਉਣ ਦੇ ਹਰਿਤ ਫੰਡ ਜਮ੍ਹਾ ਕਰਨ ਦੇ ਵੀ ਹੋਏ , ਪਰ ਇਨ੍ਹਾਂ ਦੀ ਸਾਡੇ ਲਈ ਕੀ ਮਹੱਤਤਾ ਐ ? ਅਸੀਂ ਕਿਉਂ ਰਚਾਈਏ ਵਾਰਤਾਲਾਪ ਟਿਕਾਊ ਵਿਕਾਸ ਬਾਬਤ?

**ਮਰਦ ਸੂਤਰਧਾਰ:** ਸਾਡੀ ਲੋੜ ਐ ਕਿ ਕੁਦਰਤ ਵਿਰੋਧੀ ਵਿਕਾਸ ਦੇ ਮਾਡਲ ਨੂੰ ਬਦਲ ਕੇ ਖਪਤ ਸਭਿਆਚਾਰ ਨੂੰ ਬਦਲ ਕੇ ਇਸ ਡੁਬਦੀ ਜਾਂਦੀ ਕਾਇਨਾਤ ਨੂੰ ਪ੍ਰਲੋ ਤੋਂ ਬਚਾਈਏ !

**ਔਰਤ ਸੂਤਰਧਾਰ:** ਹਾਂ ! ਤਾਂ ਤੇ ਸਾਨੂੰ ਟਿਕਾਊ ਵਿਕਾਸ ਨਾਲ ਸਬੰਧਤ ਸਥਾਨਕ ਪੱਧਰ ਦੇ ਅਮਲਾਂ ਨੂੰ ਸਮਝਣਾ ਤੇ ਪ੍ਰਚਾਰਨਾ ਪਵੇਗਾ !

**ਮਰਦ ਸੂਤਰਧਾਰ:** ਸਾਡੇ ਰਾਸਟਰੀ ਟੀਚੇ ਤੇ ਵਿਕਾਸ ਨੂੰ ਵੀ ਧਿਆਨ ਵਿੱਚ ਰੱਖਣਾ ਪਵੇਗਾ !

**ਔਰਤ ਸੂਤਰਧਾਰ:** ਇਹ ਸਮਝ ਕੇ ਕਿ ਕੁਦਰਤੀ ਸ੍ਰੋਤਾਂ ਦਾ ਅੰਧਾ ਧੁੰਦ ਦੋਹਨ ਸੰਸਾਰ ਪੱਧਰ ਤੇ ਪ੍ਰਭਾਵ ਪਾਉਂਦਾ ਹੈ , ਸਾਨੂੰ ਅੰਤਰ ਰਾਸਟਰੀ ਪੱਧਰ ਤੇ ਵੀ ਸਮੂਹਿਕ ਯਤਨ ਕਰਨੇ ਪੈਣੇ ਨੇ ਸਮੂਹਿਕ ਵਿਕਾਸ ਦੇ !

**ਮਰਦ ਸੂਤਰਧਾਰ:** ਬੱਸ ਇਹੀ ਹੈ ਉਦੇਸ਼ ਇਸ ਲੜੀਵਾਰ ਦਾ , ਜੋ ਸੁਣਾਂਗੇ ਹੋਰ ਵਿਸਤਾਰ ਨਾਲ ਆਉਣ ਵਾਲੀਆਂ ਕੜੀਆਂ ਵਿੱਚ !

..............................................**ਸਮਾਪਤ** ..............................................

**ਵਿਗਿਆਨ ਪ੍ਰਸ਼ਨੋਤਰੀ**

**ਪ੍ਰਸ਼ਨ1.** ਟਿਕਾਊ ਵਿਕਾਸ ਕਿਸ ਨੂੰ ਕਹਿੰਦੇ ਨੇ !

ਉੱਤਰ: ਉਹ ਵਿਕਾਸ ਜੋ ਆਪਣੀਆਂ ਲੋੜਾਂ ਦੀ ਪੂਰਤੀ ਕਰਦੇ ਹੋਏ ਅਗਲੀਆਂ ਪੀੜ੍ਹੀਆਂ ਦੇ ਸ੍ਰੋਤਾਂ ਨੂੰ ਨਕਸਾਨ ਨਾ ਪਹੁੰਚਾਏ !

**ਪ੍ਰਸ਼ਨ2.** ਕਿਉਂ ਵਧੀਏ ਅਸੀਂ ਟਿਕਾਊ ਵਿਕਾਸ ਵੱਲ ?

ਉੱਤਰ: ਕੁਦਰਤ ਵਿਰੋਧੀ ਵਿਕਾਸ ਦੇ ਮਾਡਲ ਦੇ ਖਪਤ ਸਭਿਆਚਾਰ ਨੂੰ ਬਦਲ ਕੇ ਕਾਇਨਾਤ ਨੂੰ ਪ੍ਰਲੋ ਤੋਂ ਬਚਾਉਣ ਦੇ ਲਈ !